# ਕੀ ਪੀ.ਐੱਸ.ਏ ਸਕਰੀਨਿੰਗ ਮੇਰੇ ਲਈ ਸਹੀ ਹੈ ?

Urology Care FOUNDATION™
*The Official Foundation of the American Urological Association*

**ਕੀ ਤੁਹਾਡੇ ਵਿੱਚ ਇਸਦੇ ਕੋਈ ਲੱਛਣ ਹਨ (ਪਿਸ਼ਾਬ ਕਰਨ ਵੇਲੇ ਕੋਈ ਮੁਸ਼ਕਿਲ)?**

❑ ਮੈਨੂੰ ਪਿਸ਼ਾਬ ਕਰਨ ਵੇਲੇ ਕੁਝ ਲੱਛਣ ਨਜ਼ਰ ਆਉਂਦੇ ਹਨ(ਪਿਸ਼ਾਬ ਕਰਨ ਵੇਲੇ ਮੁਸ਼ਕਿਲਾਂ)। ਆਪਣੇ ਲੱਛਣਾਂ ਨੂੰ ਜਾਨਣ ਤੇ ਸਕੋਰ ਕਰਨ ਲਈ ਪੇਜ ਦੇ ਪਿੱਛੇ ਦੇਖੋ। ਸਾਡੀ ਸਿਫਾਰਸ਼ ਹੈ ਕਿ ਤੁਸੀਂ ਆਪਣੇ ਲੱਛਣਾਂ ਬਾਰੇ ਕਿਸੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ।

**ਕੀ ਤੁਹਾਨੂੰ ਪ੍ਰੋਸਟੇਟ ਕੈਂਸਰ ਦੀ ਸਕਰੀਨਿੰਗ ਤੋਂ ਕੋਈ ਸੰਭਵ ਲਾਭ ਹੋਵੇਗਾ?**

❑ ਮੇਰੇ **ਪਰਿਵਾਰ ਦੇ ਮੈਂਬਰ** ਪ੍ਰੋਸਟੇਟ ਕੈਂਸਰ ਤੋਂ ਪੀੜ੍ਹਤ ਸਨ ਅਤੇ ਮੇਰੀ ਉਮਰ **40-69 ਸਾਲ** ਦੇ ਵਿੱਚ ਹੈ। ਮੇਰੇ (ਲਾਗੂ ਹੋਣ ਵਾਲੇ ਤੇ ਚੱਕਰ ਲਾਓ) ਪਿਤਾ, ਭਰਾ, ਚਾਚੇ, ਦਾਦਾ, ਪੁੱਤਰ ਨੂੰ ਵੀ ਪ੍ਰੋਸਟੇਟ ਕੈਂਸਰ ਸੀ। ਉਹ ਉਮਰ ਜਦੋਂ ਪਰਿਵਾਰ ਦੇ ਮੈਂਬਰ ਦੇ ਪ੍ਰੋਸਟੇਟ ਕੈਂਸਰ ਦਾ ਪਤਾ ਲੱਗਿਆ, ਜੇ ਪਤਾ ਲੱਗਿਆ :______________

❑ ਮੈਂ ਅਫ਼ਰੀਕੀ-ਅਮਰੀਕੀ ਹਾਂ ਅਤੇ ਮੇਰੀ ਉਮਰ **40-69 ਸਾਲ** ਦੇ ਵਿੱਚ ਹੈ।

❑ ਮੇਰੀ ਉਮਰ **45-69 ਸਾਲ** ਦੇ ਵਿੱਚ ਹੈ।

❑ ਮੇਰੀ ਉਮਰ 70 ਸਾਲ ਤੋਂ ਉੱਪਰ ਹੈ ਅਤੇ ਮੈਂ ਇੱਕ ਤੋ ਵੱਧ ਨਿਰਧਾਰਿਤ ਦਵਾਈਆਂ ਨਹੀਂ ਲੈਂਦਾ (ਮੇਰੀ ਸਿਹਤ ਚੰਗੀ ਰਹਿੰਦੀ ਹੈ)

*ਜੇ ਉਪਰੋਕਤ ਵਿੱਚੋਂ ਕੋਈ ਵੀ ਤੁਹਾਡੇ ਨਾਲ ਸੰਬੰਧਿਤ ਹੈ ਅਤੇ ਪਿਛਲੇ ਦੋ ਸਾਲਾਂ ਵਿੱਚ ਤੁਹਾਡਾ ਪ੍ਰੋਸਟੇਟ ਕੈਂਸਰ ਦਾ ਟੈੱਸਟ ਨਹੀਂ ਹੋਇਆ ਹੈ, ਤਾਂ ਅਮਰੀਕੀ ਯੂਰੋਲੌਜਿਕ ਐਸੋਸੀਏਸ਼ਨ ਸਿਫਾਰਸ਼ ਕਰਦੀ ਹੈ ਕਿ ਤੁਸੀਂ ਕਿਸੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਸਲਾਹ ਕਰੋ ਤਾਂ ਜੋ ਇਹ ਵੇਖਿਆ ਜਾ ਸਕੇ ਕਿ ਪ੍ਰੋਸਟੇਟ ਕੈਂਸਰ ਦਾ ਟੈੱਸਟ ਤੁਹਾਡੇ ਲਈ ਸਹੀ ਹੈ ਜਾਂ ਨਹੀਂ।*

**ਕੀ ਤੁਹਾਨੂੰ ਪ੍ਰੋਸਟੇਟ ਕੈਂਸਰ ਦੀ ਸਕਰੀਨਿੰਗ ਤੋਂ ਕੋਈ ਸੰਭਵ ਲਾਭ ਹੋ ਸਕਦਾ ਹੈ ?**

ਜੇਕਰ ਤੁਸੀਂ ਉੱਪਰਲੇ ਬਕਸਿਆਂ ਵਿਚਲੇ ਪ੍ਰਸ਼ਨਾਂ ਦਾ ਉੱਤਰ ਨਾਂਹ ਵਿੱਚ ਦਿੱਤਾ ਹੈ ਤਾਂ, ਅਮਰੀਕੀ ਯੂਰੋਲੌਜਿਕ ਐਸੋਸੀਏਸ਼ਨ ਤੁਹਾਨੂੰ ਇਸ ਸਮੇਂ ਪ੍ਰੋਸਟੇਟ ਕੈਂਸਰ ਦੀ ਸਕਰੀਨਿੰਗ ਲਈ ਸਿਫਾਰਸ਼ ਨਹੀਂ ਕਰਦੀ। ਪਰ ਫਿਰ ਵੀ ਜੇਕਰ ਤੁਸੀਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਪ੍ਰੋਸਟੇਟ ਕੈਂਸਰ ਦੀ ਸਕਰੀਨਿੰਗ ਜਾਂ ਹੋਰ ਕੋਈ ਪ੍ਰਸ਼ਨ ਜਾਂ ਕੋਈ ਹੋਰ ਲੱਛਣ ਪੁੱਛਣੇ ਹਨ ਤਾਂ ਉਹਨਾਂ ਬਾਰੇ ਗੱਲ ਕਰ ਸਕਦੇ ਹੋ।

**ਕੀ ਤੁਸੀਂ ਕਿਸੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨਾ ਚਾਹੋਗੇ?**

❑ ਮੈਂ ਫੈਸਲਾ ਲਿਆ ਹੈ ਕਿ ਮੈਂ ਕਿਸੇ ਵੀ ਸਿਹਤ ਪ੍ਰਦਾਤਾ ਨਾਲ ਗੱਲ ਨਹੀਂ ਕਰਨਾ ਚਾਹਾਂਗਾ। (ਇੱਥੇ ਹੀ ਖਤਮ ਕਰੋ)

❑ ਮੈਂ ਫੈਸਲਾ ਲਿਆ ਹੈ ਕਿ ਮੈਂ ਇੱਕ ਸਿਹਤ ਪ੍ਰਦਾਤਾ ਨਾਲ ਪ੍ਰੋਸਟੇਟ ਕੈਂਸਰ ਜਾਂ ਹੋਰ ਪ੍ਰੋਸਟੇਟ ਨਾਲ ਸੰਬੰਧਿਤ ਸਮੱਸਿਆਵਾਂ ਬਾਰੇ ਗੱਲ ਕਰਨਾ ਚਾਹਾਂਗਾ।

**ਤੁਸੀਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨ ਪਿੱਛੋਂ ਕੀ ਫੈਸਲਾ ਲਿਆ ਹੈ?**

ਸਿਹਤ ਸੰਭਾਲ ਪ੍ਰਦਾਤਾ ਨਾਲ ਪ੍ਰੋਸਟੇਟ ਕੈਂਸਰ ਦੀ ਸਕਰੀਨਿੰਗ ਦੇ ਜੋਖਮਾਂ ਅਤੇ ਫਾਇਦਿਆਂ ਬਾਰੇ ਗੱਲ ਕਰਨ ਤੋਂ ਬਾਅਦ, ਮੈਂ ਫੈਸਲਾ ਕੀਤਾ ਹੈ:

❑ ਪ੍ਰੋਸਟੇਟ ਕੈਂਸਰ ਲਈ ਟੈੱਸਟ ਨਹੀਂ ਕੀਤਾ ਜਾਣਾ ਚਾਹੀਦਾ

❑ ਪ੍ਰੋਸਟੇਟ ਕੈਂਸਰ ਲਈ ਟੈੱਸਟ ਕੀਤਾ ਜਾਣਾ ਚਾਹੀਦਾ ਹੈ

**ਸਕਰੀਨਿੰਗ ਲਈ ਮੁਲਾਕਾਤ ਜਾਂ ਸਿਹਤ ਦੀਆਂ ਕੋਈ ਹੋਰ ਸਮੱਸਿਆਵਾਂ ਬਾਰੇ ਗੱਲ ਕਰਨ ਲਈ:**

**ਹਸਪਤਾਲ/ਅਭਿਆਸ ਦੀ ਮੁਲਾਕਾਤ ਦੀ ਸੰਪਰਕ ਜਾਣਕਾਰੀ ਲਈ ਅਨੁਕੂਲਿਤ ਜਗ੍ਹਾ**

# ਅਮਰੀਕੀ ਯੂਰੋਲੌਜਿਕ ਐਸੋਸੀਏਸ਼ਨ (ਏ.ਯੂ.ਏ.) ਲੱਛਣ ਸਕੋਰ

Urology Care FOUNDATION™

*The Official Foundation of the American Urological Association*

**ਕੀ ਤੁਸੀਂ ਜਦੋਂ ਪਿਛਲੇ ਮਹੀਨੇ ਦੌਰਾਨ ਬਾਥਰੂਮ ਵਿੱਚ ਪਿਸ਼ਾਬ ਕਰਨ ਲਈ ਗਏ ਸੀ ਤਾਂ ਹੇਠ ਲਿਖਿਆਂ ਵਿਚੋਂ ਕੁੱਝ ਨੋਟਿਸ ਕੀਤਾ? ਸਹੀ ਉੱਤਰ ਤੇ ਗੋਲਾ ਲਗਾਓ ਅਤੇ ਆਪਣਾ ਸਕੋਰ ਸੱਜੇ ਹੱਥ ਦੇ ਕਾਲਮ ਵਿੱਚ ਲਿਖੋ। ਜੇਕਰ ਪਹਿਲੇ ਸੱਤ ਪ੍ਰਸ਼ਨਾਂ ਤੇ ਤੁਹਾਡੇ ਕੁੱਲ ਅੰਕ 8 ਜਾਂ ਉਸ ਤੋਂ ਵੱਧ ਹਨ ਜਾਂ ਜੇਕਰ ਤੁਹਾਨੂੰ ਕੋਈ ਪ੍ਰੇਸ਼ਾਨੀ ਹੈ ਤਾਂ ਕਿਸੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਕਰੋ।**

| | ਬਿਲਕੁਲ ਨਹੀਂ | ਪੰਜ ਵਿੱਚੋਂ ਇੱਕ ਵਾਰੀ ਤੋਂ ਘੱਟ | ਅੱਧੇ ਸਮੇਂ ਤੋਂ ਵੀ ਘੱਟ | ਲਗਭਗ ਅੱਧਾ ਸਮਾਂ | ਅੱਧੇ ਸਮੇਂ ਤੋਂ ਵੱਧ | ਲਗਭਗ ਹਮੇਸ਼ਾਂ | ਤੁਹਾਡਾ ਸਕੋਰ |
|---|---|---|---|---|---|---|---|
| **ਪੂਰਾ ਖਾਲੀ ਨਾ ਹੋਣਾ** ਇੰਝ ਮਹਿਸੂਸ ਨਹੀਂ ਹੁੰਦਾ ਕਿ ਮੈਂ ਆਪਣੇ ਬਲੈਡਰ ਨੂੰ ਸਾਰਾ ਖਾਲੀ ਕਰ ਦਿੱਤਾ ਹੈ। | 0 | 1 | 2 | 3 | 4 | 5 | |
| **ਬਾਰੰਬਾਰਤਾ** – ਮੈਨੂੰ ਪਿਸ਼ਾਬ ਕਰਨ ਤੋਂ ਲਗਭਗ ਦੋ ਘੰਟੇ ਬਾਅਦ ਦੁਬਾਰਾ ਪਿਸ਼ਾਬ ਕਰਨ ਜਾਣਾ ਪੈਂਦਾ ਹੈ। | 0 | 1 | 2 | 3 | 4 | 5 | |
| **ਰੁਕਾਵਟ** – ਜਦੋਂ ਮੈਂ ਪਿਸ਼ਾਬ ਕਰਦਾ ਹਾਂ ਤਾਂ ਕਈ ਵਾਰ ਰੁਕ ਜਾਂਦਾ ਹੈ ਅਤੇ ਦੁਬਾਰਾ ਸ਼ੁਰੂ ਹੁੰਦਾ ਹੈ। | 0 | 1 | 2 | 3 | 4 | 5 | |
| **ਕਾਹਲੀ ਪੈਣਾ** – ਜਦੋਂ ਮੈਨੂੰ ਪਿਸ਼ਾਬ ਆਉਂਦਾ ਹੈ ਤਾਂ ਇੰਤਜ਼ਾਰ ਕਰਨਾ ਮੁਸ਼ਕਿਲ ਹੋ ਜਾਂਦਾ ਹੈ। | 0 | 1 | 2 | 3 | 4 | 5 | |
| **ਕਮਜ਼ੋਰ ਧਾਰ** – ਮੇਰੇ ਪਿਸ਼ਾਬ ਦੀ ਧਾਰ ਕਮਜ਼ੋਰ ਹੈ। | 0 | 1 | 2 | 3 | 4 | 5 | |
| **ਮੁਸ਼ਕਿਲ** – ਮੈਨੂੰ ਪਿਸ਼ਾਬ ਸ਼ੁਰੂ ਕਰਨ ਲਈ ਜ਼ੋਰ ਲਗਾਉਣ ਦੀ ਲੋੜ ਪੈਂਦੀ ਹੈ। | 0 | 1 | 2 | 3 | 4 | 5 | |
| | **ਕੋਈ ਨਹੀਂ** | **1 ਵਾਰ** | **2 ਵਾਰ** | **3 ਵਾਰ** | **4 ਵਾਰ** | **5 ਵਾਰ ਜਾਂ ਜ਼ਿਆਦਾ** | **ਤੁਹਾਡਾ ਸਕੋਰ** |
| **ਨੋਕਟੂਰੀਆ**–ਮੈਨੂੰ ਸੌਣ ਤੋਂ ਬਾਅਦ ਉੱਠ ਕੇ ਵਾਰ-ਵਾਰ ਪਿਸ਼ਾਬ ਜਾਣਾ ਪੈਂਦਾ ਹੈ ਜਦੋਂ ਤਕ ਮੈਂ ਸਵੇਰੇ ਉੱਠ ਨਹੀਂ ਜਾਂਦਾ।। | 0 | 1 | 2 | 3 | 4 | 5 | |

**ਪੂਰਾ ਏ.ਯੂ.ਏ. ਲੱਛਣ ਸਕੋਰ**

*ਪੂਰਾ ਸਕੋਰ : 0-7 ਹਲਕੇ ਲੱਛਣ: 8-19 ਮੱਧਮ ਲੱਛਣ: 20-35 ਗੰਭੀਰ ਲੱਛਣ*

| ਪਿਸ਼ਾਬ ਦੇ ਲੱਛਣਾਂ ਕਾਰਨ ਜੀਵਨ ਦੀ ਗੁਣਵੱਤਾ | | | | | | | |
|---|---|---|---|---|---|---|---|
| ਜੇਕਰ ਤੁਹਾਨੂੰ ਆਪਣੀ ਬਾਕੀ ਦੀ ਜ਼ਿੰਦਗੀ ਆਪਣੇ ਪਿਸ਼ਾਬ ਦੀ ਸਮੱਸਿਆ ਨਾਲ ਇਸ ਤਰ੍ਹਾਂ ਹੀ ਬਿਤਾਉਣੀ ਪਵੇ, ਤਾਂ ਤੁਸੀਂ ਇਸ ਬਾਰੇ ਕਿਵੇਂ ਮਹਿਸੂਸ ਕਰੋਗੇ? | ਖੁਸ਼ | ਪ੍ਰਸੰਨ | ਜ਼ਿਆਦਾਤਰ ਸੰਤੁਸ਼ਟ | ਮਿਸ਼ਰਤ: ਬਰਾਬਰ ਸੰਤੁਸ਼ਟ ਅਤੇ ਅਸੰਤੁਸ਼ਟ | ਜ਼ਿਆਦਾਤਰ ਨਿਰਾਸ਼ | ਨਾਖੁਸ਼ | ਖੌਫ਼ਨਾਕ |

**ਰਾਸ਼ਟਰੀ ਹੈੱਡ ਕੁਆਰਟਰ: 1000 ਕਾਰਪੋਰੇਟ ਬੁਲੇਵਾਰਡ, ਲਿਨਥਿਕਮ, ਐਮ.ਡੀ. 21090**

**ਫੋਨ: 410-689-3990 • ਫੈਕਸ: 410-689-3878 • 1-800-828-7866 • info@UrologyCareFoundation.org • www.UrologyHealth.org**

UrologyCareFoundation @UrologyCareFdn @UrologyCareFdn UrologyCareFoun

©2023 Urology Care Foundation. All Rights Reserved.

ProstateCancer-ScreeningAssessmentTool-FS-2023-Punjabi